# ਸੰਥਿਆ ਕੁਚਜੀ, ਸੁਚਜੀ, ਗੁਣਵੰਤੀ।

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| **ੴ ਸਤਿਗੁਰਪ੍ਰਸਾਦਿ ॥** | | "ਪ੍ਰਸਾਦਿ" ਦਾ ਉਚਾਰਨ "ਪ੍ਰਸ਼ਾਦਿ" ਕਰਨਾ ਠੀਕ ਨਹੀਂ ਹੈ। |
| **ਰਾਗੁ ਸੂਹੀ, ਮਹਲਾ ੧, ਕੁਚਜੀ ॥** | ਕੁਚੱਜੀ | ਬਾਣੀ ਦਾ ਨਾਂ "ਕੁਚਜੀ" ਹੈ। |
| ਮੰਞੁ ਕੁਚਜੀ, ਅੰਮਾਵਣਿ ਡੋਸੜੇ, ਹਉ, ਕਿਉ ਸਹੁ ਰਾਵਣਿ ਜਾਉ ਜੀਉ ॥ | ਡੋਸ਼ੜੇ, ਹਉਂ, ਕਿਉਂ, ਸ਼ਹੁ, ਜਾਉਂ | ੧. "ਡੋਸ਼ੜੇ" ਦਾ ਭਾਵ ਹੈ ਦੋਸ਼। ਲਹਿੰਦੀ ਬੋਲੀ ਵਿਚ ਅਕਸਰ "ਦ" ਦੀ ਥਾਂ ਤੇ "ਡ" ਦੀ ਵਰਤੋਂ ਕੀਤੀ ਜਾਂਦੀ ਹੈ।<br>੨. "ਅਮਾਵਣਿ" ਦਾ ਭਾਵ ਹੈ ਬਹੁਤ ਜ਼ਿਆਦੇ (ਜੋ ਸਮਾਵਣ ਨਾ)। |
| ਇਕ ਦੂ ਇਕਿ ਚੜੰਦੀਆ, ਕਉਣੁ ਜਾਣੈ, ਮੇਰਾ ਨਾਉ ਜੀਉ ॥ | ਦੂੰ, ਚੜੰਦੀਆਂ, ਨਾਂਉਂ | ਵਾਹਿਗੁਰੂ ਦੀਆਂ ਪਿਆਰੀਆਂ ਇਕ ਤੋਂ ਇਕ ਬਿਹਤਰ ਹਨ; ਕਉਣ ਮੇਰੇ ਵੱਲ ਧਿਆਨ ਕਰੇ। |
| ਜਿਨ੍ਹੀ ਸਖੀ ਸਹੁ ਰਾਵਿਆ, ਸੇ ਅੰਬੀ ਛਾਵੜੀਏਹਿ ਜੀਉ ॥ | ਜਿਨੀਂ, ਸਖੀਂ, ਸ਼ਹੁ, ਛਾਂਵੜੀਏਹਿ | ਜਿਨਾਂ ਸਖੀਆਂ ਨੇ ਪਤੀ (ਪਰਮਾਤਮਾ) ਨੂੰ ਮਾਣਿਆ ਹੈ, ਉਹ ਇੰਝ ਸੁਖੀ ਹਨ ਜਿਵੇਂ ਗਰਮੀਆਂ ਵਿਚ ਅੰਬੀਆਂ ਦੀ ਛਾਂਵੇਂ ਸੁਖ ਹੁੰਦਾ ਹੈ। |
| ਸੇ ਗੁਣ ਮੰਞੁ ਨ ਆਵਨੀ, ਹਉ ਕੈ ਜੀ ਦੋਸ ਧਰੇਉ ਜੀਉ ॥ | ਹਉਂ, ਦੋਸ਼, ਧਰੇਉਂ | ਪਰ ਉਹਨਾਂ ਸੁਹਾਗਣਾਂ ਵਾਲੇ ਗੁਣ ਮੇਰੇ ਵਿਚ ਨਹੀ ਆਉਂਦੇ, ਮੈਂ ਕਿਸ ਨੂੰ ਦੋਸ਼ ਦੇਵਾਂ (ਆਪਣੇ ਦੁਖ ਦਾ)। |
| ਕਿਆ ਗੁਣ ਤੇਰੇ ਵਿਥਰਾ, ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥ | ਵਿਥਰਾਂ, ਹਉਂ, ਘਿਨਾਂ, ਨਾਂਉਂ | ਵਿਥਰਾ = ਬਿਆਨ ਕਰਾਂ; ਘਿਨਾਂ = ਲਵਾਂ। |
| ਇਕਤੁ ਟੋਲਿ ਨ ਅੰਬੜਾ, ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥ | ਅੰਬੜਾਂ, ਹਉਂ, ਜਾਉਂ | |
| ਸੁਇਨਾ, ਰੁਪਾ ਰੰਗੁਲਾ, ਮੋਤੀ ਤੈ ਮਾਣਿਕੁ ਜੀਉ ॥ | | |
| ਸੇ ਵਸਤੂ ਸਹਿ ਦਿਤੀਆ, ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥ | ਸ਼ਹਿ, ਦਿਤੀਆਂ, ਮੈਂ, ਸਿਉਂ | ਜੋ ਸ਼ਾਹ ਨੇ ਦਾਤਾਂ ਦਿਤੀਆਂ ਹਨ ਮੈਂ ਉਹਨਾਂ ਵਿਚ ਹੀ ਆਪਣਾ ਚਿੱਤ ਲਾ ਲਿਆ ਹੈ ਭਾਵ ਸ਼ਾਹ ਨੂੰ ਭੁਲ ਗਈ ਹਾਂ। |
| ਮੰਦਰ ਮਿਟੀ ਸੰਦੜੇ, ਪਥਰ ਕੀਤੇ ਰਾਸਿ ਜੀਉ ॥ | ਪੱਥਰ | |
| ਹਉ ਏਨੀ ਟੋਲੀ ਭੁਲੀਅਸੁ, ਤਿਸੁ ਕੰਤ, ਨ ਬੈਠੀ ਪਾਸਿ ਜੀਉ ॥ | ਹਉਂ | ਮੈਂ ਉਸ ਦੀਆਂ ਦਿਤੀਆਂ ਦਾਤਾਂ ਵਿਚ ਫੱਸ ਕੇ ਉਸ ਨੂੰ ਭੁੱਲ ਹੀ ਗਈ ਤੇ ਉਸ ਕੰਤ ਪਰਮਾਤਮਾ ਨਾਲ ਜੁੜ ਕੇ ਕਦੇ ਨਹੀਂ ਬੈਠੀ। |

| ਸੰਥਿਆ ਕੁਚਜੀ, ਸੁਚਜੀ, ਗੁਣਵੰਤੀ। | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਅੰਬਰਿ ਕੁੰਜਾ ਕੁਰਲੀਆ, ਬਗ ਬਹਿਠੇ ਆਇ ਜੀਉ ॥ | ਕੂੰਜਾਂ, ਕੁਰਲੀਆਂ | ਅਸਮਾਨ ਵਿਖੇ ਕੁਰਲ-ਕਰਲ (ਕੁਰਲੀਆ) ਕਰਨ ਵਾਲੀਆਂ ਕੂੰਜਾਂ ਹਨ ਭਾਵ ਗੁਣ ਰੂਪੀ ਕੂਜਾਂ ਦੂਰ ਚਲੀਆਂ ਗਈਆਂ ਹਨ ਤੇ ਅਉਗਣ ਰੂਪੀ ਬੱਗ (ਪਖੰਡੀ ਪੰਖੀ) ਆ ਬੈਠੇ ਹਨ। |
| ਸਾਧਨ ਚਲੀ ਸਾਹੁਰੈ, ਕਿਆ ਮੁਹੁ ਦੇਸੀ, ਅਗੈ ਜਾਇ ਜੀਉ ॥ | | ੧. ਗੁਣਹੀਣ ਜੀਵ-ਇਸਤ੍ਰੀ (ਸਾਧਨ) ਪਰਲੋਕ (ਸਾਹੁਰੈ) ਵਿਖੇ ਭਾਵ ਅੱਗੇ ਜਾ ਕੇ ਕੀ ਮੂੰਹ ਦਿਖਾਵੇਗੀ?<br>੨. "ਸਾਧਨ" ਨੂੰ "ਸਾ ਧਨ" ਪੜਨਾ ਠੀਕ ਨਹੀਂ ਹੈ। "ਸਾਧਨ" ਦਾ ਭਾਵ ਹੈ "ਇਸਤ੍ਰੀ" ਤੇ "ਸਾ ਧਨ" ਦਾ ਭਾਵ ਹੈ "ਉਹ ਇਸਤ੍ਰੀ" |
| ਸੁਤੀ ਸੁਤੀ ਝਾਲੁ ਥੀਆ, ਭੁਲੀ ਵਾਟੜੀਆਸੁ ਜੀਉ ॥ | | ਸੁਤੀ ਸੁਤੀ ਨੂੰ ਦਿਨ (ਝਾਲ) ਆ ਗਿਆ ਹੈ ਭਾਵ ਬੁਢੇਪਾ ਆ ਗਿਆ ਹੈ ਤੇ ਮੈਂ ਤੇਰੇ ਸੋਹਣੇ ਆਤਮਕ ਰਸਤੇ ਤੋਂ ਭੁਲੀ ਹੀ ਰਹੀ। |
| ਤੈ ਸਹ ਨਾਲਹੁ ਮੁਤੀਅਸੁ, ਦੁਖਾ ਕੂੰ ਧਰੀਆਸੁ ਜੀਉ ॥ | ਤੈਂ, ਸ਼ਹ, ਨਾਲਹੁੰ | ਮੈਂ ਤੇਰੇ ਨਾਲੋਂ, ਹੇ ਸ਼ਹ, ਟੁੱਟੀ ਹੋਈ ਹਾਂ ਤੇ ਇਸ ਕਰਕੇ ਮੈਂ ਦੁਖਾਂ ਦਾ ਹੀ ਰੂਪ ਹੋ ਗਈ ਹਾਂ ਭਾਵ ਬਹੁਤ ਦੁਖੀ ਹਾਂ।<br>੨. "ਧਰੀਆਸੁ" ਦਾ ਭਾਵ ਹੈ ਧਾਰਨ ਕਰਨਾ, ਰੂਪ ਹੋ ਜਾਣਾ। |
| ਤੁਧੁ ਗੁਣ, ਮੈ ਸਭਿ ਅਵਗਣਾ, ਇਕ, ਨਾਨਕ ਕੀ ਅਰਦਾਸਿ ਜੀਉ ॥ | | ਇਕ ਨਾਨਕ ਦੀ ਅਰਦਾਸਿ ਹੈ, ਕਿ ਤੇਰੇ ਵਿਚ ਸਭ ਗੁਣ ਹਨ ਤੇ ਸਭ ਅਉਗੁਣ ਮੇਰੇ ਵਿਚ ਹਨ ਪਰ... |
| ਸਭਿ ਰਾਤੀ ਸੋਹਾਗਣੀ, ਮੈ ਡੋਹਾਗਣਿ ਕਾਈ ਰਾਤਿ ਜੀਉ ॥੧॥ | ਰਾਤੀਂ, ਸੋਹਾਗਣੀਂ | ਸਭ ਸੁਹਾਗਣ੍ਹਾਂ ਰੱਤੀਆਂ ਹੋਈਆਂ ਹਨ, ਕਿਤੇ ਇਕ ਰਾਤਿ ਮੈਨੂੰ ਦੁਹਾਗਣ ਨੂੰ ਵੀ ਬਖਸ਼। |
| **ਸੂਹੀ ਮਹਲਾ ੧, ਸੁਚਜੀ ॥** | ਸੁਚੱਜੀ | ਬਾਣੀ ਦਾ ਨਾਂ "ਸੁਚਜੀ" ਹੈ। |
| ਜਾ ਤੂ, ਤਾ ਮੈ ਸਭੁ ਕੋ, ਤੂ ਸਾਹਿਬੁ ਮੇਰੀ ਰਾਸਿ ਜੀਉ ॥ | ਜਾਂ, ਤਾਂ, ਮੈਂ | ਜਦ ਤੂੰ (ਮੇਰੇ ਵੱਲ) ਹੋਵੇਂ ਤਾਂ ਸਭ ਕੋਈ ਮੇਰਾ ਹੁੰਦਾ ਹੈ ਭਾਵ ਮੇਰੇ ਵੱਲ ਹੁੰਦਾ ਹੈ; ਤੂੰ ਹੀ ਮੇਰਾ ਸਾਹਿਬ ਹੈਂ ਤੇ ਤੂੰ ਹੀ ਮੇਰੀ ਪੂੰਜੀ ਹੈਂ। |
| ਤੁਧੁ ਅੰਤਰਿ, ਹਉ ਸੁਖਿ ਵਸਾ, ਤੂੰ ਅੰਤਰਿ ਸਾਬਾਸਿ ਜੀਉ ॥ | ਹਉਂ, ਵਸਾਂ, ਸ਼ਾਬਾਸ਼ਿ | ਤੂੰ ਮੇਰੇ ਅੰਦਰਿ ਵੱਸਦਾ ਹੈਂ ਤਾਂ ਮੈਂ ਸੁਖੀ ਵੱਸਦਾ ਹਾਂ ਤੇ ਸਭ ਕੋਈ ਮੈਨੂੰ ਸ਼ਾਬਾਸ਼ ਕਹਿੰਦਾ ਹੈ ਭਾਵ ਆਦਰ ਸਤਿਕਾਰ ਕਰਦਾ ਹੈ। |

| ਸੰਥਿਆ ਕੁਚਜੀ, ਸੁਚਜੀ, ਗੁਣਵੰਤੀ। | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਭਾਣੈ ਤਖਤਿ ਵਡਾਈਆ, ਭਾਣੈ ਭੀਖ ਉਦਾਸਿ ਜੀਉ ॥ | ਵਡਾਈਆਂ | |
| ਭਾਣੈ ਥਲ ਸਿਰਿ ਸਰੁ ਵਹੈ, ਕਮਲੁ ਫੁਲੈ ਆਕਾਸਿ ਜੀਉ ॥ | ਆਕਾਸ਼ਿ | ਭਾਣੇ ਵਿਚ ਹੀ ਥਲ ਤੇ ਸਰ ਭਾਵ ਪਾਣੀ ਚਲਦਾ ਹੈ ਤੇ ਇਸ ਦਾ ਨਤੀਜਾ ਕਮਲ ਫੁਲ ਅਸਮਾਨ ਵੱਲ ਉਠ ਖਲੋਂਦਾ ਹੈ। |
| ਭਾਣੈ ਭਵਜਲੁ ਲੰਘੀਐ, ਭਾਣੈ ਮੰਝਿ ਭਰੀਆਸਿ ਜੀਉ ॥ | | |
| ਭਾਣੈ ਸੋ ਸਹੁ ਰੰਗੁਲਾ, ਸਿਫਤਿ ਰਤਾ ਗੁਣਤਾਸਿ ਜੀਉ ॥ | ਸ਼ਹੁ, ਰੱਤਾ | |
| ਭਾਣੈ ਸਹੁ ਭੀਹਾਵਲਾ, ਹਉ ਆਵਣਿ ਜਾਣਿ ਮੁਈਆਸਿ ਜੀਉ ॥ | ਸ਼ਹੁ, ਹਉਂ | |
| ਤੂ ਸਹੁ ਅਗਮੁ ਅਤੋਲਵਾ, ਹਉ ਕਹਿ ਕਹਿ ਢਹਿ ਪਈਆਸਿ ਜੀਉ ॥ | ਸ਼ਹੁ, ਅਗੱਮ, ਹਉਂ | |
| ਕਿਆ ਮਾਗਉ, ਕਿਆ ਕਹਿ ਸੁਣੀ, ਮੈ ਦਰਸਨ ਭੁਖ ਪਿਆਸਿ ਜੀਉ ॥ | ਮਾਗਉਂ, ਦਰਸ਼ਨ | |
| ਗੁਰ ਸਬਦੀ, ਸਹੁ ਪਾਇਆ, ਸਚੁ, ਨਾਨਕ ਕੀ ਅਰਦਾਸਿ ਜੀਉ ॥੨॥ | ਸ਼ਬਦੀ, ਸ਼ਹੁ, | |
| **ਸੂਹੀ ਮਹਲਾ ੫, ਗੁਣਵੰਤੀ ॥** | | ੧. ਬਾਣੀ ਦਾ ਨਾਂ "ਗੁਣਵੰਤੀ" ਹੈ।<br>੨. 'ਪਹਿਲੀਆਂ ੬ ਪੰਕਤੀਆਂ ਵਿਚ ਜਗਿਆਸੂ ਦੀ ਅਰਦਾਸ ਹੈ; ਉਸ ਤੋਂ ਅਗਲੀਆਂ ੪ ਪੰਕਤੀਆਂ ਪੁੱਜੇ ਹੋਏ ਗੁਰਮੁਖਿ ਦਾ ਉਪਦੇਸ਼ ਹੈ ਤੇ ਅਖੀਰਲੀਆਂ ੩ ਪੰਕਤੀਆਂ ਜਗਿਆਸੂ ਵਲੋਂ ਸ਼ੁਕਰਾਨਾ ਹੈ, ਰਸਤਾ ਦਿਖਾਉਣ ਲਈ। |
| ਜੋ ਦੀਸੈ ਗੁਰਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ | ਲਾਗਉਂ, ਪਾਇਂ | ਪਾਇਂ ਦਾ ਅਰਥ ਹੈ ਪੈਰ, ਚਰਨ। |
| ਆਖਾ ਬਿਰਥਾ ਜੀਅ ਕੀ, ਗੁਰੁ ਸਜਣੁ ਦੇਹਿ ਮਿਲਾਇ ਜੀਉ ॥ | ਆਖਾਂ | ਉਸ ਪਿਆਰੇ ਗੁਰਸਿਖ ਨੂੰ ਮੈਂ ਆਪਣੇ ਮਨ ਦੀ ਬਿਰਥਾ ਦੱਸਾਂ ਤੇ ਬੇਨਤੀ ਕਰਾਂ ਕਿ ਮੈਂਨੂੰ ਗੁਰ ਸਜਣ ਮਿਲਾ ਦੇ। |
| ਸੋਈ ਦਸਿ ਉਪਦੇਸੜਾ, ਮੇਰਾ ਮਨੁ, ਅਨਤ ਨ ਕਾਹੂ ਜਾਇ ਜੀਉ ॥ | ਉਪਦੇਸ਼ੜਾ, ਕਾਹੂੰ | |
| ਇਹੁ ਮਨੁ, ਤੈ ਕੂੰ ਡੇਵਸਾ, ਮੈ ਮਾਰਗੁ ਦੇਹੁ ਬਤਾਇ ਜੀਉ ॥ | ਤੈਂ, ਕੂੰ, ਡੇਵਸਾਂ, ਮੈਂ | |
| ਹਉ ਆਇਆ ਦੂਰਹੁ ਚਲਿ ਕੈ, ਮੈ ਤਕੀ ਤਉ ਸਰਣਾਇ ਜੀਉ ॥ | ਹਉਂ, ਦੂਰਹੁੰ, ਮੈਂ, ਤੱਕੀ, ਸ਼ਰਣਾਇ | ਮੈਂ ਦੂਰੋਂ ਚੱਲ ਕੇ ਆਇਆ ਹਾਂ (ਭਾਵ ਕਈ ਜੂਨੀਆਂ ਭੋਗ ਕੇ ਆਇਆ ਹਾਂ) ਤੇ ਮੈਂ ਹੁਣ ਤੇਰੀ ਸਰਣ ਤੱਕੀ ਹੈ। |
| ਮੈ ਆਸਾ ਰਖੀ ਚਿਤਿ ਮਹਿ, ਮੇਰਾ ਸਭੋ ਦੁਖੁ ਗਵਾਇ ਜੀਉ ॥ | | ਮੈਂ ਚਿੱਤ ਵਿਚ ਆਸ ਰੱਖੀ ਹੈ ਕਿ ਮੇਰਾ ਸਭੋ ਦੁਖ ਤੂੰ ਗਵਾ ਦੇਵੇਂਗਾ ਜੀ। |

| ਸੰਥਿਆ ਕੁਚਜੀ, ਸੁਚਜੀ, ਗੁਣਵੰਤੀ। | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਇਤੁ ਮਾਰਗਿ ਚਲੇ ਭਾਈਅੜੇ, ਗੁਰੁ ਕਹੈ ਸੁ ਕਾਰ ਕਮਾਇ ਜੀਉ ॥ | | ਹੁਣ ਗੁਰਮੁਖਿ ਦਾ ਉਪਦੇਸ਼ ਸ਼ੁਰੂ ਹੁੰਦਾ ਹੈ: 'ਹੇ ਭਾਈ, (ਜੇ ਤੂੰ ਪ੍ਰਾਪਤੀ ਕਰਨੀ ਹੈ) ਤਾਂ ਇਸ ਮਾਰਗਿ ਚੱਲ ਕਿ ਜੋ ਵੀ ਗੁਰੂ ਕਹੇ, ਉਹੋ ਕੰਮ ਕਰ। |
| ਤਿਆਗੇਂ ਮਨ ਕੀ ਮਤੜੀ, ਵਿਸਾਰੇਂ ਦੂਜਾ ਭਾਉ ਜੀਉ ॥ | ਮੱਤੜੀ | ਜੇ ਤੂੰ ਮਨ ਦੀ ਮਾੜੀ ਮਤਿ ਤਿਆਗ ਦੇਵੇਂ ਤੇ ਪਰਮਾਤਮਾ ਤੋਂ ਇਲਾਵਾ ਹੋਰ ਪਿਆਰ ਵਿਸਾਰ ਦੇਵੇਂ... |
| ਇਉ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ ॥ | ਇਉਂ, ਪਾਵਹਿਂ, ਦਰਸ਼ਾਵੜਾ, ਤੱਤੀ | ਤਾਂ ਇੰਜ ਕਰਨ ਨਾਲ ਤੈਨੂੰ ਹਰੀ ਦਾ ਦਰਸ਼ਾਵੜਾ (ਸੋਹਣਾ ਦਰਸ਼ਨ) ਹੋ ਜਾਵੇਗਾ ਤੇ ਕਦੇ ਤੱਤੀ ਹਵਾ ਵੀ ਨਹੀਂ ਲਗੇਗੀ। |
| ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥ | ਹਉਂ, ਆਪਹੁਂ, ਮੈਂ | ਮੈਂ ਆਪਿ ਕੁਝ ਨਹੀਂ ਕਹਿ ਰਿਹਾ, ਜੋ ਮੈਂ ਕਿਹਾ ਹੈ ਉਸ ਦਾ ਹੁਕਮ ਹੀ ਕਿਹਾ ਹੈ। |
| ਹਰਿ ਭਗਤਿ ਖਜਾਨਾ ਬਖਸਿਆ, ਗੁਰਿ ਨਾਨਕਿ ਕੀਆ ਪਸਾਉ ਜੀਉ ॥ | ਖ਼ਜ਼ਾਨਾ, ਬਖ਼ਸ਼ਿਆ | ਇਸ ਪੰਕਤੀ ਤੋਂ ਜਗਿਆਸੂ ਦਾ ਸ਼ੁਕਰਾਨਾ ਸ਼ੁਰੂ ਹੁੰਦਾ ਹੈ: ਇਸ ਪੰਕਤੀ ਵਿਚ ਦੱਸਦੇ ਹਨ ਕਿ ਜਦੋਂ ਗੁਰੂ ਨਾਨਕ ਨੇ ਕਿਰਪਾ ਕੀਤੀ ਤਾਂ ਹਰੀ ਨੇ ਭਗਤੀ ਦਾ ਖਜ਼ਾਨਾ ਬਖਸ਼ ਦਿਤਾ। |
| ਮੈ ਬਹੁੜਿ ਨ ਤ੍ਰਿਸਨਾ ਭੁਖੜੀ, ਹਉ ਰਜਾ ਤ੍ਰਿਪਤਿ ਅਘਾਇ ਜੀਉ ॥ | ਤ੍ਰਿਸ਼ਨਾ, ਭੁੱਖੜੀ, ਹਉਂ, ਰੱਜਾ | |
| ਜੋ ਗੁਰ ਦੀਸੈ ਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥ | ਲਾਗਉਂ, ਪਾਇਂ | |